# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

# 39ਵੀਂ ਕਨਵੋਕੇਸ਼ਨ

## 10 ਦਸੰਬਰ, 2021

## ਖੋਜਾਰਥੀਆਂ ਲਈ ਹਦਾਇਤਾਂ

**39ਵੀਂ ਕਨਵੋਕੇਸ਼ਨ ਮਿਤੀ 10.12.2021 ਤੇ ਡਾਕਟਰ ਆਫ਼ ਫ਼ਿਲਾਸਫੀ ਦੀਆਂ ਡਿਗਰੀਆਂ ਲੈਣ ਵਾਲੇ ਖੋਜਾਰਥੀਆਂ ਲਈ ਹਦਾਇਤਾਂ**

1. ਡਾਕਟਰ ਆਫ਼ ਫ਼ਿਲਾਸਫੀ ਨਾਲ ਸਬੰਧਿਤ ਯੋਗ ਖੋਜਾਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ **ਗੁਰੂ ਤੇਗ ਬਹਾਦਰ ਹਾਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ** ਵਿਖੇ **39ਵੀਂ ਕਨਵੋਕੇਸ਼ਨ, ਦਿਨ ਸ਼ੁੱਕਰਵਾਰ, 10 ਦਸੰਬਰ, 2021** ਨੂੰ ਦੁਪਿਹਰ **1.30 ਵਜੇ ਹੋਵੇਗੀ:**

   10 ਦਸੰਬਰ, 2021 ਨੂੰ ਹੋਣ ਵਾਲੀ 39ਵੀਂ ਕਨਵੋਕੇਸ਼ਨ, ਲਈ ਖੋਜਾਰਥੀ ਵਲੋਂ ਪ੍ਰੀਖਿਆ ਸ਼ਾਖਾ ਵਿਚ ਬਣੇ ਡਿਗਰੀ ਕੋਲੇਕਸ਼ਨ ਸੈਂਟਰ ਤੇ ਜਮ੍ਹਾ ਕਰਵਾਈ ਗਈ ਨੂੰ ਡਿਗਰੀਆਂ ਪ੍ਰਦਾਨ ਕਰਨ **ਦਾਖ਼ਲਾ ਸ਼ਨਾਖਤੀ ਕਾਰਡ ਆਪਣੇ ਪੱਧਰ ਤੇ ਪ੍ਰਿੰਟ ਕੀਤਾ ਜਾਵੇਗਾ।** ਕੋਈ ਵੱਖਰਾ ਸ਼ਨਾਖਤੀ ਕਾਰਡ ਦੀ ਹਾਰਡ ਕਾਪੀ ਯੂਨੀਵਰਸਿਟੀ ਵੱਲੋ ਭੇਜੀ ਨਹੀਂ ਜਾਵੇਗੀ ਖੋਜਾਰਥੀ ਆਪਣਾ ਸ਼ਨਾਖ਼ਤੀ ਕਾਰਡ ਉਸ ਦੁਆਰਾ ਦਿੱਤੀ ਗਈ ਈਮੇਲ ਤੋਂ ਫੈਕਲਟੀ ਵਾਈਜ਼ .ਪੀ.ਡੀ.ਐਫ. ਫਾਈਲ ਵਿਚੋਂ ਆਪਣਾ ਨਾਮ ਲੱਭ ਕੇ ਉਸ ਦਾ ਪ੍ਰਿੰਟ ਆਊਟ ਲਵੇਗਾ।

**ਡਿਗਰੀਆਂ ਲਈ —**

**ਡਾਕਟਰ ਆਫ਼ ਫ਼ਿਲਾਸਫੀ**

2. **ਕਨਵੋਕੇਸ਼ਨ ਵਿਖੇ ਡਿਗਰੀ ਲੈਣ ਵਾਲੇ ਖੋਜਾਰਥੀ ਨਿਮਨ-ਲਿਖਤ ਸ਼ਰਤਾਂ ਦੀ ਪਾਲਣਾ ਕਰਨਗੇ :**

   ਸਾਰੇ ਖੋਜਾਰਥੀ ਕ੍ਰਮ ਅੰਕ ਨੰ. 3 ਵਿੱਚ ਦਿੱਤੇ ਪ੍ਰਵਾਣਿਤ ਵਸਤਰ ਪਹਿਨਣਗੇ।

**ਗਾਊਨ ਸਬੰਧੀ :**

3. **ਡਾਕਟਰਜ਼**

   ਸਾਰੇ ਡਾਕਟਰਾਂ ਲਈ ਮੂਲ ਗਾਊਨ ਲਾਲ (ਕਿਰਮਚੀ) ਰੰਗ ਦੇ ਹੋਣਗੇ। ਸਾਰੇ ਡਾਕਟਰਾਂ ਲਈ ਹੁੱਡ ਲਾਲ (ਕਿਰਮਚੀ) ਰੰਗ ਦੇ ਹੋਣਗੇ, ਜਿਨ੍ਹਾਂ ਦੀ ਲਾਈਨਿੰਗ ਚਿੱਟੀ ਹੋਵੇਗੀ। ਗਾਊਨਾਂ ਵਿੱਚ ਸਾਹਮਣੇ ਪਾਸਿਓਂ ਹੇਠਲੇ ਸਿਰਿਆਂ ਓੱਤੇ ਅਤੇ ਬਾਹਵਾਂ ਦੁਆਲੇ ਤਿੰਨ ਇੰਚ ਦੀ ਕਿਨਾਰੀ ਹੋਵੇਗੀ। ਕਿਨਾਰੀ ਦੇ ਰੰਗ ਫ਼ੈਕਲਟੀ ਅਨੁਸਾਰ ਹੇਠ-ਲਿਖੇ ਹੋਣਗੇ :

| | |
|---|---|
| ਆਰਟਸ | ਹਲਕਾ ਨੀਲਾ (Light Blue) |
| ਕਾਮਰਸ | ਹਲਕਾ ਸਲੇਟੀ (Light Grey) |
| ਐਜੂਕੇਸ਼ਨ | ਸੁਨਿਹਰੀ (Gold) |
| ਮੈਡੀਸਨ/ਲਾਅ | ਸਫ਼ੈਦ (White) |
| ਸਾਇੰਸ | ਬੈਂਗਨੀ (Purple) |
| ਇੰਜੀਨੀਅਰਿੰਗ | ਹਰਾ (Green) |

4. ਰਿਹਰਸਲ ਵੀ ਗਾਊਨ ਅਤੇ ਹੁੱਡ ਨਾਲ ਹੋਵੇਗੀ ਜੋ ਕਿਰਾਏ ਤੇ ਲਏ ਜਾ ਸਕਣਗੇ। ਇਸ ਕਾਰਜ ਲਈ **ਸਾਇੰਸ ਆਡੀਟੋਰੀਅਮ** ਵਿਚ ਵੱਖ-ਵੱਖ ਫਰਮਾਂ ਦੁਆਰਾ ਸਟਾਲ ਲਾਏ ਜਾਣਗੇ। **ਗਾਊਨ ਅਤੇ ਹੁੱਡ ਦਿਨ ਸ਼ੁੱਕਰਵਾਰ, 10 ਦਸੰਬਰ, 2021 ਨੂੰ ਸਵੇਰੇ 8.00 ਵਜੇ ਤੋਂ 9.00** ਵਜੇ ਤੱਕ ਮਿਲ ਸਕਣਗੇ। ਜਿਹੜੇ ਖੋਜਾਰਥੀ ਪ੍ਰਵਾਣਿਤ ਵਸਤਰ ਪਹਿਨ ਕੇ ਰਿਹਰਸਲ ਵਿੱਚ ਹਾਜ਼ਰ ਨਹੀਂ ਹੋਣਗੇ, ਉਨ੍ਹਾਂ ਨੂੰ ਕਨਵੋਕੇਸ਼ਨ ਸਮੇਂ ਹਾਲ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ।

**ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ** — **ਰਜਿਸਟਰਾਰ**